ਦਫਤਰ ਡਿਪਟੀ ਕਮਿਸ਼ਨਰ-ਕਮ-
ਜਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ (ਮਗਨਰੇਗਾ)
ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਪਟਿਆਲਾ।

---

## ਨੋਟਿਸ

ਇਸ ਦਫਤਰ ਵਲੋਂ ਮਿਤੀ 23.11.2019 ਨੂੰ ਅਖਬਾਰਾਂ ਵਿੱਚ ਅਤੇ ਜਿਲ੍ਹੇ ਦੀ ਵੈਬਸਾਈਟ ਤੇ ਇਸ਼ਤਿਹਾਰ ਦੇ ਕੇ ਕੋਆਰਡੀਨੇਟਰ ਸ਼ੋਸ਼ਲ ਆਡਿਟ, ਤਕਨੀਕੀ ਸਹਾਇਕ, ਅਕਾਊਂਟਸ ਮੈਨੇਜਰ, ਦਫਤਰੀ ਸਹਾਇਕ, ਡਾਟਾ ਐਂਟਰੀ ਓਪਰੇਟਰ ਅਤੇ ਗਰਾਮ ਰੋਜਗਾਰ ਸਹਾਇਕ ਦੀਆਂ ਅਸਾਮੀਆਂ ਲਈ ਮਿਤੀ 04.12.2019 ਤੱਕ ਯੋਗ ਉਮੀਦਵਾਰਾਂ ਪਾਸੋਂ ਅਰਜੀਆਂ ਦੀ ਮੰਗ ਕੀਤੀ ਗਈ ਸੀ। ਹੁਣ ਅਰਜੀਆਂ ਪ੍ਰਾਪਤ ਕਰਨ ਦੀ ਮਿਤੀ 11.12.2019 ਨੂੰ ਬਾਅਦ ਦੁਪਹਿਰ 3.00 ਵਜੇ ਤੱਕ ਵਧਾਈ ਜਾਂਦੀ ਹੈ। ਯੋਗ ਉਮੀਦਵਾਰ ਜੋ ਵੀ ਉਕਤ ਪੋਸਟਾਂ ਲਈ ਅਪਲਾਈ ਕਰਨਾ ਚਾਹੁੰਦੇ ਹੋਣ ਆਪਣੀ ਅਰਜੀ ਨਾਲ 100/- ਰੁਪਏ ਦਾ **(in favor of Deputy Commissioner -cum- District Programme Coordinator, Patiala)** ਡਿਮਾਂਡ ਡਰਾਫਟ (ਅਨੁਸੂਚਿਤ ਜਾਤੀਆਂ ਅਤੇ ਔਰਤਾਂ ਦੇ ਕੇਸ ਵਿੱਚ 50/- ਰੁਪਏ) ਲਗਾਕੇ ਵਧੀਕ ਡਿਪਟੀ ਕਮਿਸ਼ਨਰ ਵਿਕਾਸ, ਜਿਲ੍ਹਾ ਪ੍ਰੀਸ਼ਦ ਕੰਪਲੈਕਸ, ਸਰਹਿੰਦ ਰੋਡ ਪਟਿਆਲਾ ਵਿਖੇ ਅਪਲਾਈ ਕਰਨ ਸਕਦੇ ਹਨ। ਜਿਨ੍ਹਾਂ ਉਮੀਦਵਾਰਾਂ ਨੇ ਨਿਯਤ ਮਿਤੀ 04.11.2019 ਤੱਕ ਆਪਣੀ ਅਰਜੀ ਦੇ ਨਾਲ ਮੰਗਿਆ ਗਿਆ ਡਿਮਾਂਡ ਡਰਾਫਟ ਨਹੀਂ ਲਗਾਇਆ ਉਨ੍ਹਾਂ ਨੂੰ ਮੌਕਾ ਦਿੱਤਾ ਜਾਂਦਾ ਹੈ ਕਿ ਉਹ ਪਹਿਲਾਂ ਦਿੱਤੀ ਗਈ ਅਰਜੀ ਨਾਲ ਮਿਤੀ 11.12.2019 ਤੱਕ ਡਿਮਾਂਡ ਡਰਾਫਟ ਅਟੈਚ ਕਰਵਾ ਸਕਦੇ ਹਨ। ਡਿਮਾਂਡ ਡਰਾਫਟ ਤੋਂ ਬਗੈਰ ਕਿਸੇ ਵੀ ਅਰਜੀ ਤੇ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਅਰਜੀਆਂ ਕੇਵਲ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਜਿਲ੍ਹਾ ਪ੍ਰੀਸ਼ਦ ਕੰਪਲੈਕਸ, ਸਰਹਿੰਦ ਰੋਡ ਪਟਿਆਲਾ ਦੇ ਦਫਤਰ ਵਿਖੇ ਹੀ ਸਵੀਕਾਰ ਯੋਗ ਹੋਣਗੀਆਂ। ਬਾਕੀ ਸ਼ਰਤਾਂ/ ਵੇਰਵੇ ਲਈ ਜਿਲ੍ਹੇ ਵੈਬਸਾਈਟ www.patiala.nic.in ਤੇ ਵੇਖ ਲਏ ਜਾਣ।

ਡਿਪਟੀ ਕਮਿਸ਼ਨਰ-ਕਮ-
ਜਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ, (ਮਗਨਰੇਗਾ)
ਪਟਿਆਲਾ।

Scanned by CamScanner